# ਗੈਰ-ਚੀਨੀ ਬੋਲਣ ਵਾਲੇ ਵਿਦਿਆਰਥੀਆਂ ਦਾ ਚੀਨੀ ਪੜ੍ਹਨ ਅਤੇ ਲਿਖਣ ਦਾ ਪ੍ਰਦਰਸ਼ਨ

*ਡਾ. HUI ਸਊ-ਯਾਨ, ਸਿੱਖਿਆ ਫੈਕਲਟੀ, ਹਾਂਗਕਾਂਗ ਯੂਨੀਵਰਸਿਟੀ ਦੁਆਰਾ*

ਗੈਰ-ਚੀਨੀ-ਬੋਲਣ ਵਾਲੇ (NCS) ਵਿਦਿਆਰਥੀਆਂ ਲਈ ਭਾਸ਼ਾ ਸਿੱਖਿਆ ਵਿੱਚ ਚੀਨੀ ਸਿੱਖਣਾ ਚਿੰਤਾ ਦਾ ਵਿਸ਼ਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਸਰਕਾਰ ਨੇ NCS ਵਿਦਿਆਰਥੀਆਂ ਦੇ ਚੀਨੀ ਸਿੱਖਣ ਲਈ ਸਮੱਰਥਨ ਨੂੰ ਮਜ਼ਬੂਤ ਕੀਤਾ ਹੈ, ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ "ਚੀਨੀ ਭਾਸ਼ਾ ਪਾਠਕ੍ਰਮ ਨੂੰ ਦੂਜੀ ਭਾਸ਼ਾ ਸਿੱਖਣ ਦੇ ਢਾਂਚੇ" ("ਸਿੱਖਿਆ ਢਾਂਚਾ") ਅਤੇ NCS ਵਿਦਿਆਰਥੀਆਂ ਦੇ ਸਮੱਰਥਨ ਲਈ 10 ਜਾਂ ਉਸ ਤੋਂ ਜ਼ਿਆਦਾ NCS ਵਿਦਿਆਰਥੀਆਂ ਨੂੰ ਸਵੀਕਾਰ ਕਰਨ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਲਈ ਪ੍ਰਤੀ ਸਾਲ $800,000 ਤੋਂ $1,500,000 ਤੱਕ ਦੇ ਵਾਧੂ ਫੰਡ ਲੈਣ ਦੇ ਕਾਨੂੰਨ ਨਾਲ ਚੀਨੀ ਸਿੱਖਣ ਅਤੇ ਸਕੂਲਾਂ ਵਿੱਚ ਇੱਕ ਸੰਮਲਿਤ ਸਿੱਖਿਆ ਦੇ ਵਾਤਾਵਰਣ ਨੂੰ ਲਾਗੂ ਕੀਤਾ ਹੈ।

ਚੀਨੀ ਸਿੱਖਣ ਵਿੱਚ NCS ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਸਮਝਣ ਲਈ, ਸਿੱਖਿਆ ਬਿਊਰੋ ਨੇ 2013/14 ਸਕੂਲੀ ਵਰ੍ਹੇ ਦੇ ਬਾਅਦ, ਚੀਨੀ ਪੜ੍ਹਨ ਅਤੇ ਲਿਖਣ ਵਾਲੇ NCS ਵਿਦਿਆਰਥੀਆਂ ਦੀ ਸਮੁੱਚੀ ਸਿਖਲਾਈ ਦੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰਨ ਲਈ ਹਾਂਗਕਾਂਗ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਹੈ। ਅਨੁਪਾਤ ਨਮੂਨੇ ਦੁਆਰਾ 10 ਜਾਂ ਵੱਧ NCS ਵਿਦਿਆਰਥੀਆਂ ਨੂੰ ਸਵੀਕਾਰ ਕਰਨ ਵਾਲੇ ਸਾਰੇ ਸਥਾਨਕ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚੋਂ ਡੇਟਾ ਇੱਕਠਾ ਕੀਤਾ ਗਿਆ। ਇਹ ਨੋਟ ਕੀਤਾ ਗਿਆ ਹੈ ਕਿ ਸਰਕਾਰ ਦੀ ਵੱਧ ਰਹੀ ਸਹਾਇਤਾ ਅਤੇ ਪ੍ਰਚਾਰ ਨਾਲ, ਪਿਛਲੇ ਕੁਝ ਸਾਲਾਂ ਵਿੱਚ NCS ਵਿਦਿਆਰਥੀਆਂ ਨੂੰ ਪ੍ਰਵਾਨਗੀ ਦੇਣ ਵਾਲੇ ਜਨਤਕ ਖੇਤਰ ਦੇ ਸਕੂਲਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਉਪਰੋਕਤ ਵਿਸ਼ਲੇਸ਼ਣ ਵਿੱਚ ਸ਼ਾਮਿਲ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੀ ਗਿਣਤੀ 2013/14 ਸਕੂਲੀ ਸਾਲ ਵਿੱਚ 151 ਤੋਂ ਵੱਧ ਕੇ 2017/18 ਸਕੂਲੀ ਸਾਲ ਵਿੱਚ 228 ਹੋ ਗਈ ਹੈ। ਸਵੀਕਾਰ ਕੀਤੇ ਗਏ NCS ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹਰ ਸਕੂਲ ਤੋਂ ਨਮੂਨੇ ਲਏ ਗਏ ਸਨ, ਅਤੇ ਹਰ ਸਾਲ ਲਗਭਗ 2 000 ਤੋਂ 4 000 ਨਮੂਨੇ ਪ੍ਰਾਪਤ ਕੀਤੇ ਗਏ। ਪਿਛਲੇ ਪੰਜ ਸਕੂਲੀ ਸਾਲਾਂ ਦੇ ਸੰਖੇਪ ਵਿਸ਼ਲੇਸ਼ਣ ਉਤਸ਼ਾਹਜਣਕ ਹੈ, ਜੋ ਕਿ ਚੀਨੀ ਪੜ੍ਹਨ ਅਤੇ ਲਿਖਣ ਵਿੱਚ NCS ਵਿਦਿਆਰਥੀਆਂ ਦੇ ਸਮੁੱਚੇ ਪ੍ਰਦਰਸ਼ਨ ਵਿੱਚ ਕ੍ਰਮਵਾਰ ਸੁਧਾਰ ਨੂੰ ਦਰਸਾਉਂਦਾ ਹੈ।

*ਜੂਨੀਅਰ ਪ੍ਰਾਇਮਰੀ ਵਿਦਿਆਰਥੀ ਪੜ੍ਹਨ ਅਤੇ ਲਿਖਣ ਵਿੱਚ ਸੁਧਾਰ ਦਿਖਾ ਰਹੇ ਹਨ*

ਜਿਵੇਂ ਕਿ ਦੇਖਿਆ ਗਿਆ ਹੈ, ਜੂਨੀਅਰ ਪ੍ਰਾਇਮਰੀ ਪੱਧਰ 'ਤੇ NCS ਦੇ ਵਿਦਿਆਰਥੀਆਂ ਨੇ ਹਾਲ ਦੇ ਸਾਲਾਂ ਵਿੱਚ ਭਾਸ਼ਾ ਸਿੱਖਣ ਦੀ ਠੋਸ ਨੀਂਹ ਰੱਖੀ ਹੈ। ਨਾ ਕੇਵਲ ਉਹ ਪੜ੍ਹ ਸਕਦੇ ਸਨ, ਪਰ ਉਹ ਆਮ ਤੌਰ ‘ਤੇ ਰੋਜ਼ਾਨਾ ਜ਼ਿੰਦਗੀ ਵਿੱਚ ਵਰਤੇ ਜਾਂਦੇ ਚੀਨੀ ਸ਼ਬਦ ਵੀ ਲਿਖ ਸਕਦੇ ਸਨ, ਜਿਸ ਵਿੱਚ ਸਕੂਲੀ ਜੀਵਨ ਅਤੇ

ਪਰਿਵਾਰਕ ਜੀਵਨ ਵੀ ਸ਼ਾਮਿਲ ਹੈ। ਮੁੱਢਲੀ ਭਾਸ਼ਾ ਦੀ ਪ੍ਰਵੀਨਤਾ ਦੇ ਸੰਦਰਭ ਵਿੱਚ, ਜੂਨੀਅਰ ਪ੍ਰਾਇਮਰੀ ਪੱਧਰ 'ਤੇ NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਚੀਨੀ ਭਾਸ਼ਾ ਬੋਲਣ ਵਾਲੇ ਪ੍ਰਤੀਨਿਧੀਆਂ ਵਿੱਚ ਅਸਮਾਨਤਾ ਹੌਲੀ-ਹੌਲੀ 2017/18 ਸਕੂਲੀ ਵਰ੍ਹੇ ਵਿੱਚ ਸੰਕੁਚਿਤ ਹੋ ਗਈ ਹੈ।

2013/14 ਸਕੂਲੀ ਸਾਲ ਦੀ ਤੁਲਨਾ ਵਿੱਚ, ਪ੍ਰਾਇਮਰੀ 3 ਵਿਦਿਆਰਥੀਆਂ ਨੇ ਪੜ੍ਹਨ ਅਤੇ ਲਿਖਣ ਦੋਵਾਂ ਵਿੱਚ ਸੁਧਾਰ ਦਿਖਾਇਆ। ਮੁਕਾਬਲਤਨ ਉੱਚ ਯੋਗਤਾ ਵਾਲੇ ਵਿਦਿਆਰਥੀ ਆਪਣੇ ਦੁਆਰਾ ਪੜ੍ਹੇ ਗਏ ਪੈਰਿਆਂ ਅਤੇ ਅੱਖਰਾਂ ਦੀਆਂ ਤਸਵੀਰਾਂ 'ਤੇ ਟਿੱਪਣੀ ਕਰਨ ਦੇ ਯੋਗ ਸਨ, ਅਤੇ ਸੰਯੋਜਕਾਂ ਦੀ ਵਰਤੋਂ ਨਾਲ ਉਹ ਪੈਰਾਗ੍ਰਾਫ ਵਿੱਚ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ। ਵਿਦਿਆਰਥੀਆਂ ਨੂੰ ਸਿੱਖਣ ਦੇ ਅਗਲੇ ਪੜਾਅ ਵਿੱਚ ਦਾਖਲ ਹੋਣ ਤੋਂ ਪਹਿਲਾਂ ਭਾਸ਼ਾ ਦੀ ਯੋਗਤਾ ਦੀ ਲੋੜ ਹੁੰਦੀ ਹੈ। ਪ੍ਰਾਇਮਰੀ 4 ਅਤੇ 5 ਵਿਦਿਆਰਥੀਆਂ ਨੇ ਪੜ੍ਹਨ ਵਿੱਚ ਚੰਗੀ ਤਰੱਕੀ ਦਾ ਪ੍ਰਦਰਸ਼ਨ ਕੀਤਾ ਹੈ।

ਅੰਕੜੇ ਦਰਸਾਉਂਦੇ ਹਨ ਕਿ NCS ਵਿਦਿਆਰਥੀਆਂ ਨੂੰ ਪ੍ਰਾਇਮਰੀ 3 ਤੋਂ ਪ੍ਰਾਇਮਰੀ 4 ਤੱਕ ਤਬਦੀਲੀ ਦੀ ਸਹੂਲਤ ਪ੍ਰਦਾਨ ਕਰਨਾ ਬਹੁਤ ਮਹੱਤਵਪੂਰਨ ਹੈ ਜੇਕਰ ਉਨ੍ਹਾਂ ਦੀ ਭਾਸ਼ਾ ਦੀ ਮੁਹਾਰਤ ਨੂੰ ਅੱਗੇ ਵਧਾਉਣਾ ਹੈ। ਇਸ ਸੰਬੰਧ ਵਿੱਚ, ਹਾਂਗਕਾਂਗ ਯੂਨੀਵਰਸਿਟੀ ਨੂੰ ਪਿਛਲੇ ਸਾਲ ਸਿੱਖਿਆ ਬਿਊਰੋ ਦੁਆਰਾ "ਸਿੱਖਿਆ ਢਾਂਚੇ" ਦੇ ਪੱਧਰ 2 ਅਤੇ 3 ਦੇ ਹਿਸਾਬ ਨਾਲ ਵਿਵਸਥਿਤ ਸਿੱਖਿਆ ਅਤੇ ਸਿਖਲਾਈ ਸਮੱਗਰੀ ਦੇ ਵਿਕਾਸ ਲਈ ਪ੍ਰਾਇਮਰੀ ਸਕੂਲਾਂ ਦੇ ਨਾਲ ਸਹਿਯੋਗ ਕਰਨ ਲਈ ਕਮਿਸ਼ਨ ਕੀਤਾ ਗਿਆ ਸੀ, ਤਾਂ ਜੋ ਵਿਦਿਆਰਥੀਆਂ ਨੂੰ ਆਪਣੀਆਂ ਪੜ੍ਹਣ ਅਤੇ ਲਿਖਣ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵਿੱਚ ਮਦਦ ਮਿਲ ਸਕੇ।

ਸੈਕੰਡਰੀ ਪੱਧਰ ‘ਤੇ, ਸਕੂਲਾਂ ਦੁਆਰਾ ਪ੍ਰਦਾਨ ਕੀਤੇ ਗਏ ਉੱਨਤ ਸਮੱਰਥਨ ਦੇ ਨਾਲ, ਪੜ੍ਹਨ ਵਿੱਚ ਵਿਦਿਆਰਥੀਆਂ ਦਾ ਸਮੁੱਚਾ ਪ੍ਰਦਰਸ਼ਨ ਦਿਲਚਸਪ ਸੀ। ਫੇਰ ਵੀ, ਉਨ੍ਹਾਂ ਦੇ ਸੁਧਾਰ ਉਨ੍ਹੇ ਸ਼ਾਨਦਾਰ ਨਹੀ ਸੀ ਜਿਨ੍ਹੇ ਪ੍ਰਾਇਮਰੀ ਪੱਧਰਾਂ ਦੇ । ਸੈਕੰਡਰੀ ਵਿਦਿਆਰਥੀਆਂ ਵਿੱਚੋਂ, ਜਿਹੜੇ ਜੂਨੀਅਰ ਪੱਧਰਾਂ ‘ਤੇ ਸਨ, ਉਨ੍ਹਾਂ ਵਿੱਚ ਸੁਧਾਰ ਜ਼ਿਆਦਾ ਵਧੀਆ ਸੀ ਅਤੇ ਹਾਲ ਹੀ ਦੇ ਸਾਲਾਂ ਵਿੱਚ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਗਏ ਕੁੱਲ ਅੰਕਾਂ ਦਾ ਪ੍ਰਤੀਸ਼ਤ ਵੀ ਵੱਧ ਰਿਹਾ ਹੈ। ਜੂਨੀਅਰ ਸੈਕੰਡਰੀ ਵਿਦਿਆਰਥੀਆਂ ਨੇ ਵੀ ਲਿਖਤ ਵਿੱਚ ਸੁਧਾਰ ਦਿਖਾਇਆ। ਉੱਚ ਯੋਗਤਾ ਵਾਲੇ ਕੁਝ ਵਿਦਿਆਰਥੀ ਸਮਾਗਮਾਂ ਦਾ ਬਿਆਨ ਅਤੇ ਵਰਣਨ ਵਧੇਰੇ ਵਿਸਤਾਰ ਨਾਲ ਕਰ ਸਕਦੇ ਹਨ, ਅਤੇ ਉਨ੍ਹਾਂ ਦੀ ਲਿਖਤ ਵੀ ਸਪੱਸ਼ਟ ਅਤੇ ਸੰਗਠਿਤ ਸੀ। ਮੁਕਾਬਲਤਨ ਉੱਚ ਸਮਰੱਥਾ ਵਾਲੇ ਕੁਝ ਸੀਨੀਅਰ ਸੈਕੰਡਰੀ ਵਿਦਿਆਰਥੀ ਆਪਣੀਆਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰ ਸਕਦੇ ਸਨ ਅਤੇ ਆਪਣੇ ਲਿਖਣ ਦੇ ਪ੍ਰਬੰਧ ਨੂੰ ਧਿਆਨ ਵਿੱਚ ਰੱਖ ਸਕਦੇ ਸਨ, ਹਾਲਾਂਕਿ ਉਹ ਇੱਕੋ ਗ੍ਰੇਡ ਦੇ ਚੀਨੀ ਬੋਲਣ ਵਾਲੇ ਪ੍ਰਤਿਨਿਧਾਂ ਦੀ ਤੁਲਨਾ ਵਿੱਚ ਘੱਟ ਮਾਹਿਰ ਸਨ।

*ਇੱਕ ਅਨੁਕੂਲ ਚੀਨੀ ਭਾਸ਼ਾ ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਵਿੱਚ ਮਾਪਿਆਂ ਦੀ ਭੂਮਿਕਾ*

ਪਿਛਲੇ ਪੰਜ ਸਕੂਲੀ ਸਾਲਾਂ ਦੌਰਾਨ ਇਕੱਠੇ ਕੀਤੇ ਨਮੂਨਿਆਂ ਦੇ ਸਾਡੇ ਵਿਸ਼ਲੇਸ਼ਣ ਅਨੁਸਾਰ, NCS ਦੇ ਵਿਦਿਆਰਥੀਆਂ (NCS ਵਿਦਿਆਰਥੀਆਂ ਦੇ ਵਧੇਰੇ ਦਾਖਲੇ ਵਾਲੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ

ਸਮੇਤ) ਦੇ 2013/14 ਸਕੂਲੀ ਵਰ੍ਹੇ ਤੋਂ ਬਾਅਦ ਉਨ੍ਹਾਂ ਦੀ ਕੜੀ ਮਿਹਨਤ ਅਤੇ ਸਰਕਾਰ ਅਤੇ ਉਨ੍ਹਾਂ ਦੇ ਸਕੂਲਾਂ ਦੇ ਸਮੱਰਥਨ ਦੁਆਰਾ ਪੜ੍ਹਨ ਅਤੇ ਲਿਖਣ ਵਿੱਚ ਲਗਾਤਾਰ ਸੁਧਾਰ ਹੋਇਆ ਹੈ। ਇਹ ਸਪੱਸ਼ਟ ਹੈ ਕਿ ਜਦੋਂ ਤੱਕ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, NCS ਦੇ ਵਿਦਿਆਰਥੀ ਚੀਨੀ ਭਾਸ਼ਾ ਦੀ ਮੁਹਾਰਤ ਹਾਸਲ ਕਰਨ ਅਤੇ ਚੀਨੀ ਦੂਜੀ ਭਾਸ਼ਾ ਵਜੋਂ ਸਿੱਖਣ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਯੋਗ ਹੁੰਦੇ ਹਨ।

। ਸਾਡਾ ਪ੍ਰੇਖਣ NCS ਵਿਦਿਆਰਥੀਆਂ ਦਾ ਚੀਨੀ ਸਿੱਖਣ ਦੇ ਪ੍ਰਦਰਸ਼ਨ ਨੂੰ ਹੋਰ ਅੱਗੇ ਵਧਾਉਣਾ ਵਿੱਚ ਸਰਕਾਰ, ਸਕੂਲਾਂ ਅਤੇ ਅਧਿਆਪਕਾਂ ਵਿਚਕਾਰ ਨਜ਼ਦੀਕੀ ਸਹਿਯੋਗ ਦੇ ਇਲਾਵਾ ਮਾਪਿਆਂ ਦੀ ਸਹਾਇਤਾ ਦੇ ਮਹੱਤਵ ਦੀ ਵੀ ਪੁਸ਼ਟੀ ਕਰਦਾ ਹੈ। ਜਿਹੜੇ ਮਾਪੇ ਚੀਨੀ ਨਹੀਂ ਬੋਲਦੇ ਹਨ ਉਹ ਵੀ ਆਪਣੇ ਬੱਚਿਆਂ ਨੂੰ ਚੀਨੀ ਸਿੱਖਣ ਲਈ ਉਤਸਾਹਿਤ ਕਰਕੇ ਇੱਕ ਵਧੀਆ ਭੂਮਿਕਾ ਨਿਭਾ ਸਕਦੇ ਹਨ। ਉਹ ਜਿੰਨੀ ਛੇਤੀ ਹੋ ਸਕੇ ਕਿੰਡਰਗਾਰਟਨ ਜਾਂ ਸਕੂਲ ਜੋ ਮਗਨ ਚੀਨੀ ਭਾਸ਼ਾ ਵਾਤਾਵਰਣ ਪ੍ਰਦਾਨ ਕਰਦਾ ਹੈ, ਵਿੱਚ ਆਪਣੇ ਬੱਚਿਆਂ ਦੇ ਪੜ੍ਹਨ ਲਈ ਵੀ ਪ੍ਰਬੰਧ ਕਰ ਸਕਦੇ ਹਨ, ਤਾਂ ਕਿ ਉਨ੍ਹਾਂ ਦੇ ਬੱਚੇ ਚੀਨੀ ਸਿੱਖਣ ਲਈ ਪ੍ਰੇਰਿਤ ਹੋ ਸਕਣ।

ਸਿੱਖਣ ਲਈ ਪ੍ਰੇਰਣਾ, ਭਾਸ਼ਾ ਮਾਹੌਲ ਦੀ ਅਨੁਕੂਲਤਾ, ਪ੍ਰਭਾਵਸ਼ਾਲੀ ਰਣਨੀਤੀਆਂ, ਸਮੇਂ ਦਾ ਨਿਵੇਸ਼ ਅਤੇ ਪੱਕਾ ਸੰਕਲਪ ਭਾਸ਼ਾ ਸਿੱਖਣ ਦੇ ਸਾਰੇ ਪ੍ਰਭਾਵੀ ਅਤੇ ਜ਼ਰੂਰੀ ਤੱਤ ਹਨ। ਅਸੀਂ NCS ਦੇ ਵਿਦਿਆਰਥੀਆਂ ਨੂੰ ਚੀਨੀ ਸਿੱਖਣ ਵਿੱਚ ਮਦਦ ਕਰਨ ਅਤੇ ਬਿਹਤਰ ਨਤੀਜਿਆਂ ਦੀ ਪ੍ਰਾਪਤੀ ਲਈ ਲੋਕਾਂ ਦੇ ਨਾਲ ਮਦਦ ਕਰਨ ਲਈ ਸਾਰੇ ਯਤਨਾਂ ਦੇ ਨਾਲ ਸ਼ੇਅਰਧਾਰਕਾਂ ਨੂੰ ਦੇਖਣਾ ਚਾਹੁੰਦੇ ਹਾਂ।

ਅਗਸਤ 2018